(i) **Printed Pages: 3** **Roll No. ...............................**

(ii) **Questions : 6** **Sub. Code : 0 5 0 2**

**Exam. Code : 0 0 0 6**

**B.A./B.Sc. (General) 6th Semester**

**1059**

**PUNJABI (Compulsory)**

**Paper–(For B.A. Candidates and Shastri VI Semester)**

**Time Allowed : Three Hours]** **[Maximum Marks : 45**

**ਨੋਟ :–** (1) ਲਿਖਾਈ ਸੁੰਦਰ ਅਤੇ ਸਪੱਸ਼ਟ ਹੋਣੀ ਚਾਹੀਦੀ ਹੈ।

(2) **ਸਾਰੇ** ਪ੍ਰਸ਼ਨਾਂ ਦੇ ਉੱਤਰ ਕ੍ਰਮਵਾਰ ਹੱਲ ਕੀਤੇ ਜਾਣ।

1. 'ਅੰਨ੍ਹੇ ਘੋੜੇ ਦਾ ਦਾਨ' — ਨਾਵਲ ਦਾ ਸੰਖੇਪ ਸਾਰ ਲਿਖੋ।

**ਜਾਂ**

ਕਿਸੇ **ਇੱਕ** ਪਾਤਰ ਦਾ ਚਰਿੱਤਰ-ਚਿਤਰਨ ਕਰੋ :

(ੳ) ਧਰਮਾ

(ਅ) ਮੇਲੂ ਦੀ ਬੇਬੇ। 10

2. 'ਅੰਨ੍ਹੇ ਘੋੜੇ ਦਾ ਦਾਨ' — ਨਾਵਲ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) "ਤੂੰ ਆਟਾ-ਊਟਾ ਗੁੰਨ੍ਹ ਮੈਂ ਪਤਾ ਲਿਆਵਾਂ ਕੀ ਗੱਲ ਐ — ਐਵੇਂ ਸਾਲਾ ਢਿੱਡਲ ਤੜਕੇ ਤੜਕੇ ਦੁਹਾਈ ਪੌਂਦਾ ਤੁਰਿਆ ਫਿਰਦੈ।" ਪਰ ਫੇਰ ਜੁੱਤੀ ਪਾ ਕੇ ਤੁਰਨ ਲੱਗਿਆਂ ਨਿੰਮੋਝੂਣੀ ਅਵਾਜ਼ ਵਿੱਚ ਉਸ ਜਿਵੇਂ ਆਪਣੇ ਆਪ ਨੂੰ ਕਿਹਾ, "ਕਿਤੇ ਸੱਚੀਂ ਨਾ ਕੋਈ ਭਾਣਾ ਵਰਤ ਗਿਆ ਹੋਵੇ, ਜਿਹੜਾ ਐਂ ਘਬਰਿਆ ਫਿਰਦੈ।"

**ਜਾਂ**

(ਅ) "ਤੇਰੇ ਏਸ ਭਾਈਚਾਰੇ ਨੇ ਤਾਂ ਤੇਰੇ ਜਹਿਆਂ ਦਾ ਦਿਮਾਗ ਖ਼ਰਾਬ ਕੀਤਾ, ਨਹੀਂ ਇਹ ਝਗੜਾ ਤੂੰ ਕਿੱਦੇਂ ਦਾ ਨਬੇੜਿਆ ਨਾ ਹੁੰਦਾ ਰਹਿਆਂ ?" 5

3. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਦੇ ਸੰਖੇਪ ਉੱਤਰ ਲਿਖੋ :

(ੳ) 'ਅਨ੍ਹੇ ਘੋੜੇ ਦਾ ਦਾਨ' ਨਾਵਲ ਦੇ ਪੰਜ ਮਹੱਤਵਪੂਰਨ ਮਰਦ ਪਾਤਰਾਂ ਦੇ ਨਾਮ ਲਿਖੋ।

(ਅ) ਸੁੱਤੇ ਪਏ ਮੇਲੂ ਨੂੰ ਕਿਹੋ ਜਿਹੇ ਡਰਾਉਣੇ ਸੁਪਨੇ ਆਉਂਦੇ ਸਨ ?

(ੲ) ਪੰਚ ਅਨੁਸਾਰ ਕਾਨੂੰਨ ਕਿਨ੍ਹਾਂ ਦੇ ਅਨੁਸਾਰ ਚੱਲਦਾ ਹੈ ?

(ਸ) ਟਾਂਗੇ ਵਾਲੇ ਅਨੁਸਾਰ ਰਿਕਸ਼ਿਆਂ ਵਾਲੇ ਆਮ ਕਰਕੇ ਕਿਹੜੇ ਨਸ਼ੇ ਕਰਦੇ ਹਨ ?

(ਹ) ਦੁੱਲੇ ਬਾਰੇ ਸੰਖੇਪ ਜਾਣਕਾਰੀ ਦਿਉ।

(ਕ) ਪਰਭੂ ਬੁੜ੍ਹਾ ਕੌਣ ਸੀ ?

(ਖ) ਗਿੱਡੂ ਕਾਣਾ ਕਿਹੋ ਜਿਹਾ ਬੰਦਾ ਸੀ ?

(ਗ) 'ਅੰਨ੍ਹੇ ਘੋੜੇ ਦਾ ਦਾਨ' — ਨਾਵਲ ਦਾ ਉਦੇਸ਼ ਕੀ ਹੈ ? 5

4. ਤੁਹਾਡੇ ਕਾਲਜ ਵਿੱਚ ਸਾਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ ਹੋਇਆ — ਉਸ ਸੰਬੰਧੀ ਲਗਭਗ 200 ਸ਼ਬਦਾਂ ਤੱਕ ਇੱਕ ਪ੍ਰੈਸ ਨੋਟ ਤਿਆਰ ਕਰੋ। 8

5. ਗੁਰਮੁਖੀ ਲਿਪੀ ਦੇ ਜਨਮ ਅਤੇ ਵਿਕਾਸ ਬਾਰੇ ਤੁਸੀਂ ਕੀ ਜਾਣਦੇ ਹੋ ?

**ਜਾਂ**

ਪੰਜਾਬੀ ਭਾਸ਼ਾ ਲਿਖਣ ਲਈ ਗੁਰਮੁਖੀ ਲਿਪੀ ਹੀ ਸਭ ਤੋਂ ਢੁੱਕਵੀਂ ਅਤੇ ਆਦਰਸ਼ਕ ਲਿਪੀ ਹੈ — ਚਰਚਾ ਕਰੋ।

**ਜਾਂ**

ਗੁਰਮੁਖੀ ਆਰਥੋਗ੍ਰਾਫੀ ਦੇ ਅੰਤਰਗਤ ਲਗਾਮਾਤਰਾਂ ਅਤੇ ਲਗਾਖਰਾਂ ਦੇ ਸਰੂਪ ਅਤੇ ਵਰਤੋਂ ਬਾਰੇ ਜਾਣਕਾਰੀ ਦਿਉ। 7

6. (ੳ) ਵਾਕ ਦੀ ਪਰਿਭਾਸ਼ਾ ਦਿੰਦੇ ਹੋਏ ਕਾਰਜ ਦੇ ਆਧਾਰ ਤੇ ਪੰਜਾਬੀ ਭਾਸ਼ਾ ਵਿੱਚ ਵਾਕ-ਵੰਡ ਬਾਰੇ ਜਾਣਕਾਰੀ ਦਿਉ।

**ਜਾਂ**

ਉਪਵਾਕ ਕਿੰਨੀ ਤਰ੍ਹਾਂ ਦੇ ਹੁੰਦੇ ਹਨ ? ਵਿਸਥਾਰਪੂਰਵਕ ਚਰਚਾ ਕਰੋ।

(ਅ) ਕਿਸੇ **ਦੋ** ਦਾ ਉੱਤਰ ਲਿਖੋ :

(i) ਸੰਯੁਕਤ ਵਾਕ ਦੀ ਪਰਿਭਾਸ਼ਾ ਅਤੇ ਇੱਕ ਉਦਾਹਰਣ ਦਿਉ।

(ii) ਹੁਕਮੀ ਵਾਕ ਦੇ ਸਰੂਪ ਬਾਰੇ ਦੱਸਦਿਆਂ ਕੋਈ ਇੱਕ ਹੁਕਮੀ ਵਾਕ ਬਣਾਉ।

(iii) ਬਣਤਰ ਦੇ ਆਧਾਰ ਤੇ ਵਾਕ ਦੀਆਂ ਕਿਸਮਾਂ ਦੱਸੋ।

(iv) ਵਾਕ ਵਿੱਚ 'ਉਦੇਸ਼' ਕੀ ਹੁੰਦਾ ਹੈ ? 6+2+2=10